ਵਾਹਿਗੁਰੂਜੀਕਾਖਾਲਸਾ, ਵਾਹਿਗੁਰੂਜੀਕੀਫਤਿਹ॥

ਕਨੇਡਾ ਦੇ ਸ਼ਹਿਰ ਸਰੀ ਵਿੱਚ ਸਥਿਤ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਦੇ ਪਰਧਾਨ, ਕੌਮੀ ਸੇਵਾ ਵਿੱਚ ਹਿੱਸਾ ਪਾਉਣ ਵਾਲੇ ਅਤੇ ਸਿੱਖ ਕੌਮ ਦੀ ਅਜ਼ਾਦੀ ਦੇ ਚਾਹਵਾਨ ਭਾਈ ਹਰਦੀਪ ਸਿੰਘ ਨਿੱਝਰ ਨੂੰ ਗੁਰਦੁਆਰਾ ਸਾਹਿਬ ਦੀ ਜੂਹ ਅੰਦਰ ਗੋਲੀਆ ਨਾਲ ਸ਼ਹੀਦ ਕਰਕੇ ਸਿੱਖ ਕੌਮ ਨੂੰ ਡਰਾਉਣ ਅਤੇ ਸਿੱਖ ਕੌਮ ਦੀ ਚੜਦੀ ਕਲਾ ਵਾਲੀ ਅਵਾਜ਼ ਨੂੰ ਬੰਦ ਕਰਨ ਦਾ ਇੱਕ ਕੋਝਾ ਯਤਨ ਹੈ। ਅਸੀਂ ਭਾਰਤ ਸਰਕਾਰ ਦੀ ਖੁਫੀਆਂ ਏਜੰਸੀਆਂ ਵੱਲੋਂ ਕੀਤੇ ਗਏ ਇਸ ਕਾਰੇ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕਰਦੇ ਹਾਂ।

ਭਾਈ ਹਰਦੀਪ ਸਿੰਘ ਨਿੱਝਰ ਕੈਨੇਡਾ ਵਿੱਚ ਵਸਦਿਆਂ ਆਪਣੀ ਕਿਰਤ ਕਰਨ ਦੇ ਨਾਲ ਜਿੱਥੇ ਗੁਰਦੁਆਰਾ ਸਾਹਿਬ ਦੀ ਸੇਵਾ ਵਿੱਚ ਵਧ ਚੜ੍ਹ ਕੇ ਹਿੱਸਾ ਲੈਂਦੇ ਸਨ ਉੱਥੇ ਉਹ ਪੰਥ ਦੀ ਚੜ੍ਹਦੀ ਕਲਾ ਦੀ ਅਵਾਜ਼ ਵੀ ਪੁਰਜ਼ੋਰ ਤਰੀਕੇ ਨਾਲ ਉਠਾਉਂਦੇ ਸਨ। ਭਾਰਤ ਸਰਕਾਰ ਵੱਲੋਂ ਆਪਣੇ ਖਾਸੇ ਅਨੁਸਾਰ ਕਪਟ ਕਮਾਂਉਦਿਆਂ, ਲੁਕ ਛਿਪ ਕੇ ਅਣਪਛਾਤੇ ਵਿਅਕਤੀਆਂ ਰਾਹੀਂ ਭਾਈ ਨਿੱਝਰ ਉੱਤੇ ਵਾਰ ਕੀਤਾ ਹੈ। ਇਹ ਵਾਰ ਨਾ ਸਿਰਫ ਭਾਈ ਨਿੱਝਰ ਉੱਤੇ ਹੈ ਬਲਕਿ ਪੂਰੀ ਕੌਮ ਨੂੰ ਦੋਖੀਆਂ ਵੱਲੋਂ ਵੰਗਾਰ ਪਾਈ ਗਈ ਹੈ।

ਲੰਮੇਂ ਸਮੇਂ ਤੋਂ ਪੰਥ ਵਿਰੋਧੀ ਤਾਕਤਾਂ ਸਿੱਧੇ ਤੌਰ ਤੇ ਸਿੱਖਾਂ ਉੱਤੇ ਜਿਸਮਾਨੀ ਅਤੇ ਵਿਚਾਰਧਾਰਕ ਹਮਲੇ ਅਤੇ ਸਿੱਖ ਸ਼ਕਤੀ ਨੂੰ ਖੇਰੂੰ ਖੇਰੂੰ ਕਰਨ ਲਈ ਤਰ੍ਹਾਂ ਤਰ੍ਹਾਂ ਦੇ ਵਿਵਾਦ ਪੰਥ ਵਿੱਚ ਲਿਆ ਕੇ ਲੁਕਵੇਂ ਹਮਲੇ ਕਰ ਰਹੀਆਂ ਹਨ। ਇਹ ਨਵਾਂ ਹਮਲਾ ਕਰਕੇ ਦੁਸ਼ਮਣ ਨੇ ਖਾਲਸਾ ਪੰਥ ਉੱਤੇ ਅਜਿਹਾ ਕੀਤਾ ਵਾਰ ਹੈ ਜਿਸ ਵਿੱਚ ਹਮਲਾਵਾਰ ਆਪਣੀ ਪਛਾਣ ਗੁਪਤ ਰੱਖ ਕੇ ਸਿੱਖਾਂ ਨੂੰ ਆਪਸ ਵਿੱਚ ਲੜਾਉਣ ਦੀ ਵਿਉਂਤਬੰਦੀ ਕਰ ਰਿਹਾ ਹੈ। ਕਪਟੀ ਅਤੇ ਮੱਕਾਰ ਦੁਸ਼ਮਣ ਦੀਆਂ ਇਹਨਾਂ ਬ੍ਰਾਹਮਣਵਾਦੀ ਚਾਲਾਂ ਤੋਂ ਪੰਥ ਨੂੰ ਸੁਚੇਤ ਰਹਿਣ ਦੀ ਲੋੜ ਹੈ।

ਖਾਲਸਾ ਪੰਥ ਦੇ ਦੁਸ਼ਮਣ ਨੂੰ ਸਦਾ ਭੁਲੇਖਾ ਰਿਹਾ ਹੈ ਕਿ ਉਹ ਖਾਲਸਾ ਪੰਥ ਦੀ ਸੁਤੰਤਰ ਹਸਤੀ ਨੂੰ ਜ਼ੁਲਮ ਕਰਕੇ ਦੁਬੇਲ ਬਣਾ ਸਕਦਾ ਹੈ ਪਰ ਇਤਿਹਾਸ ਗਵਾਹ ਹੈ ਕਿ ਖਾਲਸਾ ਪੰਥ ਸਦਾ ਹੀ ਜਰਵਾਣਿਆਂ ਨੂੰ ਮੂੰਹ ਤੋੜਵਾਂ ਜਵਾਬ ਦਿੰਦਾ ਹੈ। ਅੱਜ ਵੀ ਜ਼ਾਲਮ ਸਿੱਖ ਪੰਥ ਦਾ ਇਤਿਹਾਸ ਭੁੱਲ ਕੇ ਸਿੱਖਾਂ ਨਾਲ ਨਜਿੱਠਣ ਲਈ ਲੁਕਵੇਂ ਹਮਲੇ ਕਰਨ ਦਾ ਭਰਮ ਪਾਲ ਰਿਹਾ ਹੈ ਪਰ ਗੁਰੂ ਕਾ ਖਾਲਸਾ ਪੰਥ ਦ੍ਰਿੜ ਹੈ ਕੇ ਅੰਤ ਨੂੰ ਜਿੱਤ ਖਾਲਸਾ ਪੰਥ ਦੀ ਹੀ ਹੋਣੀ ਹੈ ਅਤੇ ਦੁਸ਼ਮਣ ਨੂੰ ਮੂੰਹ ਦੀ ਖਾਣੀ ਪਏਗੀ।

ਸਾਡੀ ਸਮੁੱਚੀ ਸਿੱਖ ਕੌਮ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਦੁਸ਼ਮਣ ਦੇ ਤਾਜ਼ੇ ਹਮਲੇ ਦੇ ਸਨਮੁੱਖ ਸਾਨੂੰ ਗੁਰਬਾਣੀ ਦੇ ਫੁਰਮਾਨ ਹੋਇਇਕਤ੍ਰਮਿਲਹੁਮੇਰੇਭਾਈਦੁਬਿਧਾਦੂਰਿਕਰਹੁਲਿਵਲਾਇ॥ਹਰਿਨਾਮੈਕੇਹੋਵਹੁਜੋੜੀਗੁਰਮੁਖਿਬੈਸਹੁਸਫਾਵਿਛਾਇ॥

Rangeley Sajjan Memorial
Charitable Trust (Regd.), Chowk
Baba Sahib,
Shri Amritsar

EMAIL akjworldwide@akj.org
WEB SITE www.akj.org
YOUTUBE akj.org
FACEBOOK www.facebook.com/AkhandKeertaneeJathaa
INSTAGRAM www.instagram.com/akjdotorg

AKJ WORLDWIDE

ਅਨੁਸਾਰ ਨਾਮ ਬਾਣੀ ਨੂੰ ਮਨ ਵਿੱਚ ਵਸਾ ਕੇ ਮਿਲ ਬੈਠ ਕੇ ਭਵਿੱਖ ਦੀ ਰਣਨੀਤੀ ਉਸਾਰਨ ਦੀ ਲੋੜ ਹੈ। ਜਦੋਂ ਅਸੀਂ ਗੁਰੂ ਦੀ ਭੈ-ਭਾਵਨੀ ਵਿੱਚ ਮਿਲ ਬੈਠਾਂਗੇ ਤਾਂ ਗੁਰੂ ਸਾਹਿਬਾਂ ਦੇ ਖਾਲਸਾ ਪੰਥ ਨੂੰ ਕੀਤੇ ਵਾਅਦੇ ਮੁਤਾਬਕ ਦੁਸ਼ਟ ਦੋਖੀ ਖੈ ਹੋ ਜਾਣਗੇ ਤੇ ਖਾਲਸੇ ਦੀ ਚਹੁੰ ਕੁੰਟਾਂ ਵਿੱਚ ਬੋਲ ਬਾਲਾ ਹੋਵੇਗਾ।

ਅਖੀਰ ਵਿੱਚ ਅਸੀਂ ਸਮੁੱਚੇ ਖਾਲਸਾ ਪੰਥ ਨੂੰ ਬੇਨਤੀ ਕਰਦੇ ਹਾਂ ਕਿ ਉਹ ਭਾਈ ਹਰਦੀਪ ਸਿੰਘ ਨਿੱਝਰ ਨਮਿੱਤ ਗੁਰੂ ਚਰਨਾਂ ਵਿੱਚ ਅਰਦਾਸ ਕਰਨ ਅਤੇ ਸਤਿਗੁਰੂ ਜੀ ਪਾਸੋਂ ਦਾਤ ਮੰਗਣ ਕਿ ਖਾਲਸਾ ਪੰਥ ਨੂੰ ਏਕੇ ਵਿੱਚ ਪਰੋ ਕੇ ਖਾਲਸੇ ਦੇ ਬੋਲ ਬਾਲੇ ਦੇ ਪਵਿੱਤਰ ਆਸ਼ੇ ਲਈ ਸੰਘਰਸ਼ ਕਰਨ ਦਾ ਬਲ ਬਖਸ਼ਣ।

ਵਾਹਿਗੁਰੂਜੀਕਾਖਾਲਸਾ, ਵਾਹਿਗੁਰੂਜੀਕੀਫਤਿਹ॥

ਗੁਰੂ ਪੰਥ ਦੇ ਦਾਸ

ਅਖੰਡ ਕੀਰਤਨੀ ਜਥਾ (ਯੂ.ਕੇ.)
ਅਖੰਡ ਕੀਰਤਨੀ ਜਥਾ (ਯੂਰਪ)
ਅਖੰਡ ਕੀਰਤਨੀ ਜਥਾ (ਕੈਨੇਡਾ)
ਅਖੰਡ ਕੀਰਤਨੀ ਜਥਾ (ਅਮਰੀਕਾ)
ਅਖੰਡ ਕੀਰਤਨੀ ਜਥਾ (ਆਸਟ੍ਰੇਲੀਆ & ਨਿਊਜ਼ੀਲੈਂਡ)

ਮਿਤੀ: ੨੪th ਜੂਨ ੨੦੨੨